Government of **Western Australia**
**School Curriculum and Standards Authority**

# WACE ਭਾਸ਼ਾ ਦੀਆਂ ਅਰਜ਼ੀਆਂ ਵਾਸਤੇ ਵਿਦਿਆਰਥੀ ਜਾਂਚ-ਸੂਚੀ

*WACE ਭਾਸ਼ਾ ਦੇ ਕੋਰਸ (ਭਾਸ਼ਾ ਦੀ ਅਰਜ਼ੀ) ਵਿੱਚ ਦਾਖ਼ਲਾ ਲੈਣ ਦੀ ਇਜਾਜ਼ਤ ਵਾਸਤੇ ਆਪਣੀ ਅਰਜ਼ੀ* ਸ਼ੁਰੂ ਕਰਨ ਤੋਂ ਪਹਿਲਾਂ ਸਭ ਕੁਝ ਤਿਆਰ ਕਰਨ ਲਈ ਇਸ ਜਾਂਚ-ਸੂਚੀ ਦੀ ਵਰਤੋਂ ਕਰੋ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਮਾਪੇ/ਮਾਪਿਆਂ ਜਾਂ ਸਰਪ੍ਰਸਤ/ਤਾਂ, ਆਪਣੇ ਭਾਸ਼ਾ ਅਧਿਆਪਕ ਜਾਂ ਸਕੂਲ ਪ੍ਰਸ਼ਾਸਨ ਨੂੰ ਪੁੱਛੋ, ਜਾਂ ਤੁਸੀਂ languagesenrolment@scsa.wa.edu.au 'ਤੇ ਸਕੂਲ ਪਾਠਕ੍ਰਮ ਅਤੇ ਮਿਆਰ ਅਥਾਰਟੀ (ਅਥਾਰਟੀ) ਨੂੰ ਈਮੇਲ ਕਰ ਸਕਦੇ ਹੋ। ਵਿਆਪਕ ਵਿਦਿਆਰਥੀ ਗਾਈਡ WACE ਭਾਸ਼ਾ ਦੀਆਂ ਅਰਜ਼ੀਆਂ ਦੇ ਵੈੱਬਪੇਜ (https://www.scsa.wa.edu.au/sirs-and-srms-info/srms-information/wace-language-applications) 'ਤੇ ਲੱਭੀ ਜਾ ਸਕਦੀ ਹੈ।

## 1 ਵਿਦਿਆਰਥੀ ਪੋਰਟਲ ਵਿੱਚ ਲੌਗ ਇਨ ਕਰਨਾ

ਵਿਦਿਆਰਥੀ ਪੋਰਟਲ (https://studentportal.scsa.wa.edu.au) ਉੱਤੇ ਲੌਗ-ਇਨ ਕਰਨ ਲਈ, ਤੁਹਾਨੂੰ ਆਪਣੇ **WA ਵਿਦਿਆਰਥੀ ਨੰਬਰ** ਦੀ ਲੋੜ ਪਵੇਗੀ, ਜੋ ਤੁਸੀਂ ਆਪਣੀ ਸਕੂਲ ਰਿਪੋਰਟ/ਟਾਂ ਉਪਰ ਲੱਭ ਸਕੋਗੇ। ਇਹ ਤੁਹਾਡੇ ਸਮਾਰਟ ਰਾਈਡਰ ਉਪਰ ਵੀ ਹੋ ਸਕਦਾ ਹੈ। ਤੁਹਾਨੂੰ **ਇੱਕ ਨਿੱਜੀ ਈਮੇਲ ਪਤੇ** ਦੀ ਵੀ ਲੋੜ ਹੈ ਅਤੇ ਜਦੋਂ ਤੁਸੀਂ ਆਪਣੀ *ਭਾਸ਼ਾ ਦੀ ਅਰਜ਼ੀ* ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਆਪਣੇ ਨਿੱਜੀ ਈਮੇਲ ਖਾਤੇ ਤੱਕ ਪਹੁੰਚ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਕਿਸੇ ਨਿੱਜੀ ਈਮੇਲ ਪਤੇ ਦੀ ਵਰਤੋਂ ਕਰਨਾ ਤੁਹਾਨੂੰ ਸਕੂਲ ਛੱਡਣ ਤੋਂ ਬਾਅਦ ਅਤੇ ਤੁਹਾਡੇ ਸਕੂਲ ਦੇ ਈਮੇਲ ਪਤੇ ਦੀ ਮਿਆਦ ਸਮਾਪਤ ਹੋਣ ਤੋਂ ਬਾਅਦ ਈਮੇਲਾਂ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ।

## 2 ਵਿਦਿਅਕ ਜਾਣਕਾਰੀ

ਤੁਹਾਨੂੰ ਹੇਠ ਲਿਖੀ ਵਿਦਿਅਕ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੈ:

- ❑ ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਹਰ ਸਕੂਲੀ ਸਾਲ ਵਾਸਤੇ ਸਾਰੇ ਸਕੂਲਾਂ ਦੇ ਵੇਰਵੇ ਜਿੱਥੇ ਪੜ੍ਹਾਈ ਕੀਤੀ ਹੈ:
  - ਸਕੂਲ ਦਾ ਨਾਮ
  - ਸਕੂਲ ਵਿਖੇ ਹਿਦਾਇਤਾਂ ਦੇਣ ਲਈ ਵਰਤੀ ਜਾਣ ਵਾਲੀ ਮੁੱਖ ਭਾਸ਼ਾ
  - ਪੜ੍ਹੀ ਹੋਈ ਭਾਸ਼ਾ/ਵਾਂ (ਜੇ ਕੋਈ ਹੋਣ)
  - ਪ੍ਰਤੀ ਹਫ਼ਤਾ ਭਾਸ਼ਾ ਦੀ ਪੜ੍ਹਾਈ ਦੇ ਘੰਟੇ (ਜੇ ਕੋਈ ਹੋਣ)
- ❑ ਉਹਨਾਂ ਸਾਲਾਂ ਦੀਆਂ ਸਕੂਲ ਰਿਪੋਰਟ/ਟਾਂ ਜਿੱਥੇ ਉਹਨਾਂ ਨੇ ਵਿਦੇਸ਼ ਵਿੱਚ ਸਕੂਲ/ਲਾਂ ਵਿੱਚ ਪੜ੍ਹਾਈ ਕੀਤੀ ਸੀ (ਜੇ ਕੋਈ ਹੋਣ)

## 3 ਰਿਹਾਇਸ਼ੀ ਜਾਣਕਾਰੀ

ਤੁਹਾਨੂੰ ਹੇਠ ਲਿਖੇ ਰਿਹਾਇਸ਼ੀ ਵੇਰਵੇ ਪ੍ਰਦਾਨ ਕਰਨ ਦੀ ਲੋੜ ਹੈ:

- ❑ ਉਹ ਦੇਸ਼ ਜਿੰਨ੍ਹਾਂ ਵਿੱਚ ਤੁਸੀਂ ਰਹਿੰਦੇ ਰਹੇ ਹੋ
- ❑ ਉਹ ਦੇਸ਼ ਜਿੰਨ੍ਹਾਂ ਦਾ ਤੁਸੀਂ ਦੌਰਾ ਕਰ/ਯਾਤਰਾ ਕਰ/ਛੁੱਟੀਆਂ ਮਨਾ ਚੁੱਕੇ ਹੋ, ਜਿਸ ਵਿੱਚ ਦੇਸ਼ ਦੇ ਦੌਰੇ ਦੇ ਕਾਰਨ ਅਤੇ ਯਾਤਰਾ ਦੀ ਲੰਬਾਈ ਵੀ ਸ਼ਾਮਲ ਹੈ। ਇਸ ਵਿੱਚ ਸਿਰਫ਼ ਉਹ ਦੇਸ਼ ਸ਼ਾਮਲ ਹਨ ਜਿੱਥੇ ਬੋਲੀ ਜਾਣ ਵਾਲੀ ਭਾਸ਼ਾ ਉਹੀ ਹੈ ਜਿਸ ਲਈ ਤੁਸੀਂ ਅਰਜ਼ੀ ਦੇ ਰਹੇ ਹੋ

## 4 ਭਾਸ਼ਾਈ ਪਿਛੋਕੜ

ਤੁਹਾਨੂੰ ਹੇਠ ਲਿਖੇ ਭਾਸ਼ਾਈ ਵੇਰਵੇ ਪ੍ਰਦਾਨ ਕਰਨ ਦੀ ਲੋੜ ਪਵੇਗੀ:

- ❑ ਪਹਿਲੀ ਭਾਸ਼ਾ/ਜਿਸ ਨੂੰ ਤੁਸੀਂ ਬੋਲਣਾ ਸਿੱਖਿਆ ਸੀ
- ❑ ਹੋਰ ਭਾਸ਼ਾ/ਵਾਂ ਜਿਸ ਨੂੰ ਤੁਸੀਂ ਬੋਲਦੇ, ਪੜ੍ਹਦੇ ਅਤੇ ਲਿਖਦੇ ਹੋ
- ❑ ਉਹ ਭਾਸ਼ਾ/ਵਾਂ ਜਿਸ ਰਾਹੀਂ ਤੁਸੀਂ ਆਪਣੇ ਮਾਪੇ/ਮਾਪਿਆਂ ਜਾਂ ਸਰਪ੍ਰਸਤ/ਤਾਂ ਨਾਲ ਅਤੇ ਆਪਣੇ ਭੈਣ-ਭਰਾਵਾਂ ਤੇ ਦੋਸਤਾਂ ਨਾਲ ਗੱਲ ਕਰਦੇ ਹੋ
- ❑ ਉਹ ਭਾਸ਼ਾ/ਵਾਂ ਜੋ ਤੁਹਾਡੇ ਮਾਪੇ ਜਾਂ ਸਰਪ੍ਰਸਤ ਬੋਲਦੇ ਹਨ।

## 5 ਸਹਿਯੋਗੀ ਦਸਤਾਵੇਜ਼

ਆਪਣੀ ਅਰਜ਼ੀ ਵਿੱਚ ਅੱਪਲੋਡ ਕਰਨ ਲਈ ਤੁਹਾਨੂੰ ਹੇਠ ਲਿਖੇ ਦਸਤਾਵੇਜ਼ਾਂ ਦੀ ਫ਼ੋਟੋ ਖਿੱਚਣ ਜਾਂ ਸਕੈਨ ਕਰਨ ਦੀ ਲੋੜ ਹੈ:

- ❑ ਭਰਿਆ ਹੋਇਆ *ਮਾਪੇ/ਸਰਪ੍ਰਸਤ ਦਾ ਪ੍ਰਵਾਨਗੀ* ਫਾਰਮ - ਲਾਜ਼ਮੀ
- ❑ ਪਾਸਪੋਰਟ ਦਾ ਪਛਾਣ ਪੰਨਾ - ਜੇ ਤੁਸੀਂ ਕਿਸੇ ਹੋਰ ਦੇਸ਼ ਵਿੱਚ ਪੈਦਾ ਹੋਏ ਸੀ ਜਾਂ ਆਸਟ੍ਰੇਲੀਆ ਤੋਂ ਬਾਹਰ ਰਹਿੰਦੇ ਰਹੇ ਹੋ
- ❑ ਸਕੂਲ ਰਿਪੋਰਟ/ਰਿਪੋਰਟਾਂ, ਜੇ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਸਕੂਲ/ਸਕੂਲਾਂ ਵਿੱਚ ਗਏ ਹੋ
- ❑ ਅੰਤਰਰਾਸ਼ਟਰੀ ਗੇੜਿਆਂ ਦਾ/ਦੇ ਰਿਕਾਰਡ - ਜੇ ਤੁਸੀਂ ਉਹਨਾਂ ਦੇਸ਼ਾਂ ਜਾਂ ਜਗ੍ਹਾਵਾਂ ਵਿੱਚ ਰਹਿੰਦੇ ਰਹੇ ਹੋ ਜਾਂ ਅਕਸਰ ਯਾਤਰਾ ਕਰਦੇ ਰਹੇ ਹੋ ਜਿੱਥੇ ਉਹ ਭਾਸ਼ਾ ਬੋਲੀ ਜਾਂਦੀ ਹੈ ਜਿਸ ਵਾਸਤੇ ਤੁਸੀਂ ਅਰਜ਼ੀ ਦੇ ਰਹੇ ਹੋ (ਜੇ ਅਥਾਰਟੀ ਦੁਆਰਾ ਬੇਨਤੀ ਕੀਤੀ ਜਾਂਦੀ ਹੈ)

ਸਹਾਇਕ ਦਸਤਾਵੇਜ਼ਾਂ ਨੂੰ ਆਪਣੇ ਕੰਪਿਊਟਰ ਜਾਂ ਮੋਬਾਈਲ ਡਿਵਾਈਸ ਉਪਰ .pdf, .jpg, .jpeg ਜਾਂ .png ਫਾਈਲਾਂ ਵਜੋਂ ਸੇਵ ਕਰੋ, **ਜਿਸ ਦਾ ਹਰੇਕ ਫਾਈਲ ਵਾਸਤੇ ਵੱਧ ਤੋਂ ਵੱਧ ਆਕਾਰ 4MB ਹੈ**। ਵਰਡ ਡਾਕੂਮੈਂਟ ਸਵੀਕਾਰ ਨਹੀਂ ਕੀਤੇ ਜਾਣਗੇ, ਅਤੇ ਫ਼ਾਈਲਾਂ ਦਾ ਨਾਮ ਲਿਖਦੇ ਸਮੇਂ ਖਾਲੀ ਥਾਵਾਂ ਜਾਂ ਅਣਪਛਾਣੇ ਅੱਖਰਾਂ ਜਾਂ ਚਿੰਨ੍ਹਾਂ ਦੀ ਵਰਤੋਂ **ਨਹੀਂ** ਕਰਨੀ ਚਾਹੀਦੀ ਜਿਵੇਂ ਕਿ < >? / \ " * : , # % $ ( ) { } + = @